ਪਾਠ 2

ਘਰ ਦਾ ਪਿਆਰ

**ਪ੍ਰਸ਼ਨ 1: 'ਘਰ ਦਾ ਪਿਆਰ' ਲੇਖ ਅਨੁਸਾਰ ਘਰ ਤੋਂ ਕੀ ਭਾਵ ਹੈ?**

ਉੱਤਰ:ਇਸ ਲੇਖ ਅਨੁਸਾਰ ਘਰ ਤੋਂ ਭਾਵ ਇੱਟਾਂ ਜਾਂ ਵੱਟਿਆਂ ਤੋਂ ਬਣੇ ਹੋਏ ਕੋਠੇ ਤੋਂ ਨਹੀਂ ਸਗੋਂ ਉਹ ਥਾਂ ਜਿੱਥੇ ਮਨੁੱਖ ਦੇ ਪਿਆਰ ਦੀਆਂ ਸਧਰਾਂ ਪਲਦੀਆਂ ਹਨ|ਲੇਖਕ ਘਰ ਦੀ ਤੁਲਨਾ ਮਾਂ ਦੀ ਝੋਲੀ ਨਾਲ ਕਰਦਾ ਹੈ ,ਜਿੱਥੇ ਜਵਾਨੀ ਵਿੱਚ ਸਾਰੇ ਜਹਾਨ ਨੂੰ ਗਾਹ ਕੇ,ਬੁਢਾਪੇ ਵਿੱਚ ਅਰਾਮ ਕਰਨ ਲਈ ਮੁੜ ਆਉਣ ਨੂੰ ਜੀਅ ਕਰਦਾ ਹੈ|

**ਪ੍ਰਸ਼ਨ 2: ਘਰ ਮਨੁੱਖ ਦੇ ਨਿੱਜੀ ਵਲਵਲਿਆਂ ਵਾਂਗ ਸਖਸ਼ੀ ਰਹਿਣੀ ਦਾ ਕੇਂਦਰ ਕਿਵੇਂ ਹੁੰਦਾ ਹੈ?**

ਉੱਤਰ:ਘਰ ਮਨੁੱਖ ਦੇ ਨਿੱਜੀ ਵਲਵਲਿਆਂ ਵਾਂਗ ਸਖਸ਼ੀਅਤ ਰਹਿਣੀ ਦਾ ਕੇਂਦਰ ਹੁੰਦਾ ਹੈ ਕਿਉਕਿ ਘਰ ਦੀ ਚਾਰਦੀਵਾਰੀ ਅਤੇ ਇਸ ਦੇ ਅੰਦਰ ਦੇ ਹਾਲਾਤ ਦਾ ਅਸਰ ਮਨੁੱਖ ਦੇ ਸੁਭਾਅ ਅਤੇ ਉਸ ਦੀਆਂ ਰੁਚੀਆਂ 'ਤੇ ਹੁੰਦਾ ਹੈ| ਘਰ ਹੀ ਉਸਦਾ ਮੁਢਲਾ ਸਕੂਲ ਹੁੰਦਾ ਹੈ,ਜਿਥੋਂ ਉਸਦਾ ਚੰਗਾ ਜਾਂ ਮਾੜਾ ਆਚਰਨ ਬਣਦਾ ਹੈ|

**ਪ੍ਰਸ਼ਨ 3: 'ਘਰ ਦਾ ਪਿਆਰ' ਲੇਖ ਵਿੱਚ ਲੇਖਕ ਨੇ ਇਕ ਬਿਰਧ ਬੀਬੀ ਦਾ ਸੁਭਾਅ ਕਿਹੋ ਜਿਹਾ ਚਿਤਰਿਆ ਹੈ?**

ਉੱਤਰ:ਲੇਖਕ ਅਨੁਸਾਰ ਬਿਰਧ ਬੀਬੀ ਨੇਕੀ ਅਤੇ ਉਪਕਾਰ ਦੀ ਪੁਤਲੀ ਹਨ,ਜੋ ਕਿਸੇ ਦਾ ਦੁੱਖ ਵੇਖ ਕੇ ਰੋ ਪੈਂਦੇ ਹਨ | ਉਹ ਬੱਚਿਆਂ ਨਾਲ ਬੱਚੇ ਬਣ ਜਾਂਦੇ ਹਨ| ਪਰ ਨਿੱਕੀ-ਨਿੱਕੀ ਗੱਲ 'ਤੇ ਗੁੱਸੇ ਹੋ ਕੇ ਆਪੇ ਤੋਂ ਬਾਹਰ ਵੀ ਹੋ ਜਾਂਦੇ ਹਨ|ਲੇਖਕ ਇਸਦਾ ਕਾਰਨ ਉਹਨਾਂ ਦੇ ਜੀਵਨ ਵਿੱਚ ਘਰ ਦੇ ਪਿਆਰ ਦੀ ਕਮੀ ਮੰਨਦਾ ਹੈ |

**ਪ੍ਰਸ਼ਨ 4:ਮਹਾਨ ਵਿਅਕਤੀ ਦੇ ਚਰਿੱਤਰ ਵਿੱਚ ਘਰ ਦੇ ਪਿਆਰ ਦਾ ਕੀ ਮਹੱਤਵ ਹੁੰਦਾ ਹੈ?**

ਉੱਤਰ:ਮਹਾਨ ਵਿਅਕਤੀ ਦੇ ਚਰਿੱਤਰ ਵਿੱਚ ਘਰ ਦੇ ਪਿਆਰ ਦਾ ਬਹੁਤ ਮਹੱਤਵ ਹੁੰਦਾ ਹੈ ਕਿਉਂਕਿ ਉਹ ਵੀ ਆਪਣੇ ਆਚਰਨ ਦੇ ਮੁੱਢਲੇ ਗੁਣ ਘਰ ਦੇ ਪਿਆਰ ਤੋਂ ਹੀ ਗ੍ਰਹਿਣ ਕਰਦਾ ਹੈ |ਘਰ ਦੇ ਹਾਲਾਤ ਉਸ ਦੀਆਂ ਰੁਚੀਆਂ ਅਤੇ ਸੁਭਾਅ ਬਣਾਉਂਦੇ ਹਨ|ਇਸ ਤਰ੍ਹਾਂ ਕੁਦਰਤੀ ਤੌਰ 'ਤੇ ਹੀ ਘਰ ਦਾ ਮਾਹੌਲ ਬੱਚੇ ਨੂੰ ਉਸ ਦੇ ਆਉਣ ਵਾਲੇ ਸਧਾਰਨ ਜਾਂ ਮਹਾਨ ਜੀਵਨ ਲਈ ਤਿਆਰ ਕਰਦਾ ਹੈ |

**ਪ੍ਰਸ਼ਨ 5:ਲੇਖਕ ਨੇ ਗੁਰੂ ਨਾਨਕ ਦੇਵ ਜੀ ਦਾ ਮਾਤਾ ਨਾਲ ਮਿਲਾਪ ਦਾ ਦ੍ਰਿਸ਼ ਕਿਹੋ ਜਿਹਾ ਚਿਤਰਿਆ ਹੈ?**

ਉੱਤਰ:ਲੇਖਕ ਨੇ ਗੁਰੂ ਨਾਨਕ ਦੇਵ ਜੀ ਦਾ ਮਾਤਾ ਨਾਲ ਮਿਲਾਪ ਦਾ ਬੜਾ ਭਾਵੁਕ ਦ੍ਰਿਸ਼ ਚਿਤਰਿਆ ਹੈ |ਜਦੋਂ ਮਾਤਾ ਜੀ ਗੁਰੂ ਨਾਨਕ ਦੇਵ ਜੀ ਨੂੰ ਪਿੰਡ ਤੋਂ ਬਾਹਰ ਖੂਹ 'ਤੇ ਮਿਲਦੇ ਹਨ ਤਾਂ ਉਹ ਬਹੁਤ ਖੁਸ਼ ਹੁੰਦੇ ਹਨ ਅਤੇ ਕਹਿੰਦੇ ਹਨ,"ਵੇ ਬੱਚਾ ! ਮੈਂ ਵਾਰੀ!ਮੈਂ ਤੈਥੋਂ ਵਾਰੀ ਜਾਵਾਂ!ਮੈਂ ਉਹਨਾਂ ਦੇਸ਼ਾਂ ਤੋਂ ਵਾਰੀ !ਉਹਨਾਂ ਰਾਹਾਂ ਤੋਂ ਵਾਰੀ ਜਿੱਥੋਂ ਤੂੰ ਲੰਘ ਕੇ ਆਇਆ ਐਂ|"ਗੁਰੂ ਜੀ ਵੀ ਉਹਨਾਂ ਦੇ ਚਰਨਾਂ 'ਤੇ ਡਿੱਗ ਕੇ ਰੋਣ ਲਗਦੇ ਹਨ|

**ਪ੍ਰਸ਼ਨ 6:ਮੁਹੰਮਦ ਸਾਹਿਬ ਜੀ ਦੀ ਜਿੰਦਗੀ ਵਿੱਚ ਬੀਬੀ ਖਦੀਜਾ ਜੀ ਕਿਵੇਂ ਵਿਚਰਦੇ ਸਨ? ਆਪਣੇ ਸ਼ਬਦਾਂ ਵਿੱਚ ਲਿਖੋ|**

ਉੱਤਰ:ਮੁਹੰਮਦ ਸਾਹਿਬ ਦੀ ਜਿੰਦਗੀ ਵਿੱਚ ਬੀਬੀ ਖਦੀਜਾ ਜੀ ਦਾ ਬਹੁਤ ਅਸਰ ਹੋਇਆ ਸੀ| ਉਹ ਹਰ ਔਖੇ ਸੌਖੇ ਕੰਮ ਵਿੱਚ ਉਹਨਾਂ ਦੇ ਸਹਾਇਕ ਬਣੇ |ਉਹ ਹਮੇਸ਼ਾ ਉਹਨਾਂ ਦਾ ਸਾਹਸ ਵਧਾਉਂਦੇ ਸਨ|ਉਹਨਾਂ ਨੇ ਹੀ ਸਭ ਤੋਂ ਪਹਿਲਾਂ ਮੁਹੰਮਦ ਸਾਹਿਬ ਦੇ ਜੀਵਨ- ਆਦਰਸ਼ ਨੂੰ ਸਮਝਿਆ ,ਉਸ ਵਿੱਚ ਯਕੀਨ ਕੀਤਾ ਅਤੇ ਉਹਨਾਂ ਦਾ ਹੌਸਲਾ ਵਧਾਇਆ |

**ਪ੍ਰਸ਼ਨ 7:ਕਰਲਾਇਲ ਦਾ ਆਪਣੀ ਪਤਨੀ ਨਾਲ ਵਤੀਰਾ ਕਿਹੋ ਜਿਹਾ ਸੀ?**

ਉੱਤਰ: ਕਰਲਾਇਲ ਦਾ ਆਪਣੀ ਪਤਨੀ ਨਾਲ ਵਤੀਰਾ ਚੰਗਾ ਨਹੀਂ ਸੀ |ਉਹ ਉਸ ਵੱਲ ਧਿਆਨ ਨਹੀਂ ਦਿੰਦੇ ਸਨ|ਉਹ ਨਾ ਉਸ ਨੂੰ ਪਿਆਰ ਕਰਦੇ ਸਨ ਅਤੇ ਨਾ ਹੀ ਉਸ ਨਾਲ ਹੱਸ ਕੇ ਗੱਲਾਂ ਕਰਦੇ ਸਨ |ਜੇਕਰ ਉਹ ਕਦੇ ਕਮਰੇ ਵਿੱਚ ਆ ਜਾਂਦੀ ਤਾਂ ਖਿਝ ਕੇ

ਪੈਂਦਾ,ਕਮਰੇ ਵਿੱਚੋਂ ਬਾਹਰ ਕੱਢ ਦਿੰਦਾ |ਉਹ ਇਕੱਲੇ ਰਹਿਣਾ ਪਸੰਦ ਕਰਦੇ ਸਨ | ਉਹ ਦੁਨੀਆਂ ਵਿੱਚ ਆਪਣਾ ਨਾਮ ਸਥਾਪਤ ਕਰਨਾ ਚਾਹੁੰਦੇ ਸਨ|

**ਪ੍ਰਸ਼ਨ 8:ਘਰ ਦੇ ਪਿਆਰ ਤੋਂ ਹੀ ਦੇਸ਼ ਪਿਆਰ ਪੈਦਾ ਹੁੰਦਾ ਹੈ |ਇਸ ਕਥਨ ਦੀ ਵਿਆਖਿਆ ਕਰੋ|**

ਉੱਤਰ:ਘਰ ਦੇ ਪਿਆਰ ਤੋਂ ਹੀ ਦੇਸ਼ ਪਿਆਰ ਪੈਦਾ ਹੁੰਦਾ ਹੈ ਕਿਉਂਕਿ ਕੇਵਲ ਉਹ ਲੋਕ ਹੀ ਆਪਣੇ ਮੁਲਕ 'ਤੇ ਹਮਲਾ ਜਾਂ ਅਤਿਆਚਾਰ ਸਹਾਰ ਨਹੀਂ ਸਕਦੇ ਜਿੰਨਾ ਨੂੰ ਆਪਣੇ ਪਰਿਵਾਰਾਂ ਨਾਲ ਪਿਆਰ ਹੁੰਦਾ ਹੈ |

**ਪ੍ਰਸ਼ਨ 9: ਘਰ ਘਟ ਰਹੇ ਹਨ ਹੋਟਲ ਵਧ ਰਹੇ ਹਨ|ਲੇਖਕ ਅਨੁਸਾਰ ਸਦਾਚਾਰੀ ਜੀਵਨ ਤੇ ਇਸਦਾ ਕੀ ਪ੍ਰਭਾਵ ਪੈ ਰਿਹਾ ਹੈ?**

ਉੱਤਰ: ਘਰਾਂ ਦੇ ਘਟਣ ਅਤੇ ਹੋਟਲਾਂ ਦੇ ਵਧਣ ਦਾ ਸਦਾਚਾਰੀ ਜੀਵਨ 'ਤੇ ਬਹੁਤ ਬੁਰਾ ਪ੍ਰਭਾਵ ਪੈ ਰਿਹਾ ਹੈ |ਸ਼ਹਿਰੀ ਰਹਿਣੀ ਨੂੰ ਪਸੰਦ ਕਰਨ ਕਾਰਨ ਲੋਕਾਂ ਵਿੱਚ ਘਰੋਗੀ ਜਿੰਮੇਵਾਰੀ, ਬਰਾਦਰੀ ਵਾਲੀ ਸ਼ਰਾਫਤ,ਮਿੱਠਾ,ਨਿਮਰਤਾ ਵਾਲੇ ਗੁਣ ਘਟ ਰਹੇ ਹਨ,ਜੋ ਕਿ ਕੇਵਲ ਘਰੋਗੀ ਆਚਰਨ ਤੋਂ ਉਪਜ ਦੇ ਹਨ| ਇਸੇ ਤਰ੍ਹਾਂ ਵਿਦਿਆਰਥੀਆਂ ਦੇ ਗੈਰ-ਜਿੰਮੇਵਾਰ ,ਸਮਾਜਕ ਵਰਤੋਂ ਵਿੱਚ ਕੋਰੇ,ਸਦਾਚਾਰਕ ਹੱਦਾਂ ਪਾਰ ਕਰਨ ਵਾਲੇ ਬਣਨ ਦਾ ਕਾਰਨ ਘਰਾਂ ਨੂੰ ਛੱਡ ਕੇ ਬੋਰਡਿੰਗ ਦੀ ਰਹਿਣੀ ਬਹਿਣੀ ਹੈ |

**ਪ੍ਰਸ਼ਨ 10: ਮਨੁੱਖ ਦੀਆਂ ਧਾਰਮਿਕ ਰੁਚੀਆਂ ਬਣਾਉਣ ਵਿੱਚ ਘਰ ਦੇ ਪਿਆਰ ਦਾ ਕੀ ਮਹੱਤਵ ਹੈ?**

ਉੱਤਰ:ਮਨੁੱਖ ਦੀਆਂ ਧਾਰਮਿਕ ਰੁਚੀਆਂ ਬਣਾਉਣ ਵਿੱਚ ਘਰ ਦੇ ਪਿਆਰ ਦਾ ਬਹੁਤ ਮਹੱਤਵ ਹੁੰਦਾ ਹੈ ਕਿਉਂਕਿ ਇਹ ਘਰ ਹੁੰਦਾ ਹੈ ,ਜਿੱਥੇ ਉਹ ਪਹਿਲੀ ਵਾਰ ਆਪਣੇ ਪਰਿਵਾਰ ਨਾਲ ਮਿਲ ਕੇ ਕਿਸੇ ਧਾਰਮਿਕ ਰਸਮ ਵਿੱਚ ਹਿੱਸਾ ਲੈਂਦਾ ਹੈ|ਹੌਲੀ-ਹੌਲੀ ਇਸ ਤਰ੍ਹਾਂ ਕਰਨ ਨਾਲ ਉਸ ਦੀ ਧਾਰਮਿਕ ਰੁਚੀ ਬਲਵਾਨ ਹੁੰਦੀ ਜਾਂਦੀ ਹੈ |

**ਪ੍ਰਸ਼ਨ 11:ਲੇਖਕ ਨੇ ਆਪਣੇ ਪਿੰਡ ਦੀ ਝਾਕੀ ਦਾ ਦ੍ਰਿਸ਼ ਕਿਹੋ ਜਿਹਾ ਚਿਤਰਿਆ ਹੈ?ਬਿਆਨ ਕਰੋ|**

ਉੱਤਰ: ਲੇਖਕ ਨੇ ਆਪਣੇ ਪਿੰਡ ਦੀ ਝਾਕੀ ਦਾ ਦ੍ਰਿਸ਼ ਬਾਖੂਬੀ ਚਿਤਰਿਆ ਹੈ |ਉਹ ਦੱਸਦਾ ਹੈ ਕਿ ਜਦੋਂ ਉਹ ਪਿੰਡ ਜਾਂਦਾ ਤਾਂ 'ਚੀਰ ਪੜਾਂ' ਤੋਂ ਲੰਘ ਕੇ ਤਿਪਿਆ ਕੋਲ ਪੁੱਜ ਕੇ ਇੱਕ ਪਹਾੜ ਓਹਲੇ ਹੋ ਕੇ ਆਪਣੇ ਪਿੰਡ ਨੂੰ ਵਸਦਾ ਵੇਖਦਾ |ਫਿਰ ਦਿਲ ਨੂੰ ਤਿਆਰ ਕਰਕੇ ਪਿੰਡ ਜਾਂਦਾ |

ਤਿਆਰ ਕਰਤਾ: ਅਮਨਦੀਪ ਕੌਰ ਟਿਵਾਣਾ

**ਪੰਜਾਬੀ ਅਧਿਆਪਕਾ**

**ਸਰਕਾਰੀ ਸੀਨੀਅਰ ਸੈਕੰਡਰੀ ਸਕੂਲ**

**ਕੋਟ ਬਖਤੂ**

ਉੱਤਰ

**Heading 1**

To get started right away, just tap any placeholder text (such as this) and start typing.

To apply any text formatting you see on this page with just a tap, on the Home tab of the ribbon, check out Styles.



Want to insert a picture from your files or add a shape or text box? Go for it! On the Insert tab of the ribbon, just tap the option you need.